# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ

ਡਾਕ ਪਤਾ : 297, ਗਲੀ ਨੰ. 5, ਉਪਕਾਰ ਨਗਰ, ਸਿਵਿਲ ਲਾਈਨਜ਼, ਲੁਧਿਆਣਾ - 141001


0/5

ਹਵਾਲਾ ਨੰ: 622-25 ਮਿਤੀ : 08.11.2022

ਸੇਵਾ ਵਿਖੇ

ਪ੍ਰਮੁੱਖ ਸਕੱਤਰ

ਉੱਚ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ ਪੰਜਾਬ

ਚੰਡੀਗੜ੍ਹ

ਵਿਸ਼ਾ- **ਨਵੰਬਰ 2021 ਵਿਚ ਭਾਸ਼ਾਵਾਂ ਵਿਭਾਗ ਪੰਜਾਬ ਵੱਲੋਂ ਕਰਵਾਏ ਗਏ ਸਾਹਿਤਕ ਸਮਾਗਮਾਂ ਵਿਚ, ਸ਼ਾਮਲ ਹੋਣ ਲਈ ਕਿਰਾਏ ਤੇ ਕੀਤੀਆਂ ਗਈਆਂ ਟੈਕਸੀਆਂ ਤੇ ਸਰਕਾਰੀ ਧਨ ਦੀ ਕੀਤੀ ਗਈ ਦੁਰ-ਵਰਤੋਂ, ਦੀ ਉੱਚ ਪੱਧਰੀ ਜਾਂਚ ਕਰਵਾ ਕੇ, ਕਸੂਰਵਾਰ ਅਧਿਕਾਰੀਆਂ ਵਿਰੁਧ ਬਣਦੀ ਕਾਨੂੰਨੀ (ਵਿਭਾਗੀ, ਫੌਜਦਾਰੀ ਜਾਂ ਦੋਵੇਂ) ਕਾਰਵਾਈ ਕਰਨ ਲਈ ਬੇਨਤੀ।**

ਅਤੀ ਸਤਿਕਾਰਯੋਗ ਮੈਡਮ ਜੀ

**ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਇੱਕ ਅੰਤਰਰਾਸ਼ਟਰੀ ਸੰਸਥਾ ਹੈ ਜੋ ਦੁਨੀਆ ਭਰ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਯਤਨਸ਼ੀਲ ਹੈ।**

ਭਾਈਚਾਰੇ ਵਲੋਂ, ਬੜੀ ਨਿਮਰਤਾ ਸਹਿਤ ਹੇਠ ਲਿਖੇ ਤੱਥ ਆਪਜੀ ਦੇ ਧਿਆਨ ਵਿਚ ਲਿਆ ਕੇ, ਆਪਜੀ ਨੂੰ ਕਸੂਰਵਾਰ ਅਧਿਕਾਰੀਆਂ ਵਿਰੁਧ ਬਣਦੀ ਕਾਨੂੰਨੀ ਕਾਰਵਾਈ ਕਰਨ ਦੀ ਬੇਨਤੀ ਕੀਤੀ ਜਾ ਰਹੀ ਹੈ।

**ਤੱਥ**

1. ਉਸ ਸਮੇਂ ਦੀ ਪੰਜਾਬ ਸਰਕਾਰ ਦੀ ਹਦਾਇਤ ਅਨੁਸਾਰ, ਭਾਸ਼ਾਵਾਂ ਵਿਭਾਗ ਪੰਜਾਬ ਵੱਲੋਂ ਨਵੰਬਰ 2021 ਵਿਚ 'ਪੰਜਾਬੀ ਮਾਹ' ਮਨਾਇਆ ਗਿਆ। ਭਾਸ਼ਾਵਾਂ ਵਿਭਾਗ ਵੱਲੋਂ ਇਸ ਮਹੀਨੇ ਦੌਰਾਨ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ 24 ਪਰੋਗਰਾਮ ਕਰਵਾਏ ਗਏ ।

2. ਲਗਭਗ ਹਰ ਪ੍ਰੋਗਰਾਮ ਵਿਚ ਭਾਸ਼ਾਵਾਂ ਵਿਭਾਗ ਦੇ ਕਿਸੇ ਨਾ ਕਿਸੇ ਅਧਿਕਾਰੀ ਨੇ, ਸਮੇਤ ਕਰਮਚਾਰੀਆਂ ਦੇ, ਸ਼ਿਰਕਤ ਕੀਤੀ ਸੀ।

3. ਪ੍ਰੋਗਰਾਮ ਵਾਲੇ ਸ਼ਹਿਰ ਵਿਚ ਜਾਣ ਲਈ ਭਾਸ਼ਾ ਵਿਭਾਗ ਦੇਂ ਅਧਿਕਾਰੀਆਂ ਵੱਲੋਂ ਜੋਸ਼ਨ ਕੈਬਜ਼ ਪਟਿਆਲਾ ਕੋਲੋਂ ਟੈਕਸੀਆਂ ਕਿਰਾਏ ਤੇ ਲਈਆਂ ਗਈਆਂ ਸਨ।

4. ਭਾਸ਼ਾ ਪਸਾਰ ਭਾਈਚਾਰਾ ਦੀ 'ਆਰ. ਟੀ. ਆਈ. ਟੀਮ' ਵੱਲੋਂ, 'ਸੂਚਨਾ ਅਧਿਕਾਰ ਕਨੂੰਨ 2005' ਅਧੀਨ, ਪੰਜਾਬ ਭਾਸ਼ਾਵਾਂ ਵਿਭਾਗ ਦੇ ਅਧਿਕਾਰੀਆਂ ਕੋਲੋਂ ਇਨ੍ਹਾਂ ਸਮਾਗਮਾਂ ਤੇ ਹੋਏ ਖਰਚੇ ਦੀ ਸੂਚਨਾ ਮੰਗੀ ਗਈ। **ਮੰਗੀ ਗਈ ਸੂਚਨਾ ਵਿਚ ਕਿਰਾਏ ਤੇ ਕੀਤੀਆਂ ਗਈਆਂ ਟੈਕਸੀਆਂ ਨਾਲ ਸੰਬੰਧਿਤ ਸੂਚਨਾ ਵੀ ਸੀ।**

5. ਡਾਇਰੈਕਟਰ ਭਾਸ਼ਾਵਾਂ ਵਿਭਾਗ ਵੱਲੋਂ ਸਾਡੀ ਟੀਮ ਨੂੰ, ਪਹਿਲੀ ਵਾਰ ਆਪਣੇ ਪੱਤਰ ਨੰਬਰ 7816 ਮਿਤੀ 18-5-22 ਰਾਹੀਂ ਸੂਚਨਾ ਮੁਹਈਆ ਕਰਵਾਈ ਗਈ।ਇਸ ਸੂਚਨਾ ਅਨੁਸਾਰ, ਵਿਭਾਗ ਦੇ ਅਧਿਕਾਰੀਆਂ ਵੱਲੋਂ ਵਖ ਵਖ **ਸਮਾਗਮਾਂ ਵਿਚ ਸ਼ਾਮਲ ਹੋਣ ਲਈ 14 ਟੈਕਸੀਆਂ ਕਿਰਾਏ ਤੇ ਲਈਆਂ ਗਈਆਂ।**

6. ਫੇਰ ਡਾਇਰੈਕਟਰ ਭਾਸ਼ਾਵਾਂ ਵਿਭਾਗ ਵੱਲੋਂ, ਆਪਣੇ ਪੱਤਰ ਨੰਬਰ 1345 ਮਿਤੀ 3-8-2022 ਰਾਹੀਂ, ਕਿਰਾਏ ਤੇ ਲਈਆਂ ਗਈਆਂ ਟੈਕਸੀਆਂ ਸੰਬੰਧੀ ਹੋਰ ਵਿਸਤਾਰਿਤ ਜਾਣਕਾਰੀ ਉਪਲਭਦ ਕਰਵਾਈ ਗਈ। ***ਇਸ ਜਾਣਕਾਰੀ ਅਨੁਸਾਰ ਵਿਭਾਗ ਵਲੋਂ 14 ਨਹੀਂ ਸਗੋਂ 21 ਟੈਕਸੀਆਂ ਕਰਾਏ ਤੇ ਲਈਆਂ ਗਈਆਂ ਸਨ।*** ਜੋਸ਼ਨ ਕੈਬਜ਼ ਵੱਲੋਂ ਜਾਰੀ ਕੀਤੀਆਂ ਰਸੀਦਾਂ ਵੀ ਸਾਨੂੰ ਉਪਲਭਦ ਕਰਵਾਈਆਂ ਗਈਆਂ।

## ਭਾਗ 2

## ਭਾਸ਼ਾ ਵਿਭਾਗ ਦੇ ਸੰਬੰਧਿਤ ਅਧਿਕਾਰੀਆਂ ਵੱਲੋਂ ਸਰਕਾਰੀ ਧਨ ਦੀ ਦੁਰਵਰਤੋਂ ਕਰਨ ਦੇ ਠੋਸ ਸਬੂਤ

1. (ੳ) ਜੋਸ਼ਨ ਕੈਬਜ਼ ਵੱਲੋਂ ਜਾਰੀ ਕੀਤੀਆਂ ਰਸੀਦਾਂ ਅਨੁਸਾਰ ਮਿਤੀ 2-11-21 ਤੋਂ 29-11-21 ਤਕ ਭਾਸ਼ਾਵਾਂ ਵਿਭਾਗ ਵੱਲੋਂ ਜਿਹੜੀਆਂ ਟੈਕਸੀਆਂ ਕਿਰਾਏ ਤੇ ਲਈਆਂ ਗਈਆਂ ਉਨ੍ਹਾਂ ਦੇ ਨੰਬਰ ਹੇਠ ਲਿਖੇ ਅਨੁਸਾਰ ਹਨ- **1. ਪੀ.ਬੀ. 11 ਬੀ.ਐਚ 7008, 2. ਪੀ.ਬੀ.10 ਸੀ. ਐਸ. 0086, 3. ਪੀ.ਬੀ. 13ਏ 7008, 4. ਪੀ.ਬੀ. 11 ਸੀ.ਐਸ. 4151, 5. ਪੀ.ਬੀ. 13 ਬੀ.ਈ. 4398, 6. ਪੀ.ਬੀ. 10 ਸੀ.ਐਸ 1451**

**ਨੋਟ**- ਮਿਤੀ 2-11-2021 ਨੂੰ ਫਤਹਿਗੜ੍ਹ ਸਾਹਿਬ ਗਈ ਟੈਕਸੀ ਦਾ ਨੰਬਰ ਰਸੀਦ ਵਿਚ ਦਰਜ਼ ਨਹੀਂ ਹੈ।

(ਅ) ਜੋਸਨ ਕੈਬਜ਼ ਅਨੁਸਾਰ **ਇਨ੍ਹਾਂ ਗੱਡੀਆਂ ਵਿਚ ਗੱਡੀ ਨੰਬਰ ਪੀ.ਬੀ. 11 ਬੀ.ਐਚ 7008, ਪੀ.ਬੀ.10 ਸੀ. ਐਸ. 0086, ਪੀ.ਬੀ. 11 ਸੀ.ਐਸ. 4151, ਅਤੇ ਪੀ.ਬੀ. 10 ਸੀ.ਐਸ 1451 ਇਨੋਵਾ** ਅਤੇ **ਬਾਕੀ 2 ਈਟੀਅਸ** ਹਨ।

2 ਦੂਜੇ ਪਾਸੇ ਪੰਜਾਬ ਟਰਾਂਸਪੋਰਟ ਵਿਭਾਗ ਤੋਂ ਪ੍ਰਾਪਤ ਕੀਤੀ ਗਈ ਸੂਚਨਾ ਅਨੁਸਾਰ, ਇਨ੍ਹਾਂ ਗੱਡੀਆਂ ਦੀ ਕਲਾਸ ਅਤੇ ਮਾਡਲ ਹੇਠ ਲਿਖੇ ਅਨੁਸਾਰ ਹਨ-

| ਗੱਡੀ ਨੰਬਰ | ਕਲਾਸ | ਮਾਡਲ |
|---|---|---|
| 1. ਪੀ.ਬੀ. 11 ਬੀ.ਐਚ 7008 | **ਮੋਟਰ ਸਾਈਕਲ/ਸਕੂਟਰ** | ਸਪਲੈਂਡਰ ਪਲਸ |
| 2. ਪੀ.ਬੀ.10 ਸੀ. ਐਸ. 0086 | ਮੋਟਰ ਕਾਰ | ਸਵਿਫਟ ਡਜ਼ਾਇਰ |

| | | |
|---|---|---|
| 3. ਪੀ.ਬੀ. 13ਏ 7008 | ਮੋਟਰ ਕਾਰ | ਹੌਂਡਾ ਇਮੇਜ |
| 4. ਪੀ.ਬੀ. 11 ਸੀ.ਐਸ. 4151 | ਮੋਟਰ ਕਾਰ | *ਇਨੋਵਾ* |
| 5. ਪੀ.ਬੀ. 13 ਬੀ.ਈ. 4398 | ਮੋਟਰ ਕਾਰ | ਹੌਂਡਾ ਇਮੇਜ |

ਨੋਟ- ਪੰਜਾਬ ਟਰਾਂਸਪੋਰਟ ਦੀ ਐਪ ਤੋਂ ਗੱਡੀ ਨੰਬਰ **ਪੀ.ਬੀ 10 ਸੀ.ਐਸ. 1451 ਬਾਰੇ ਸੂਚਨਾ ਪ੍ਰਾਪਤ ਨਹੀਂ ਹੋ** ਸਕੀ।

3. ਜੋਸ਼ਨ ਕੈਬਜ਼ ਦੀਆਂ ਰਸੀਦਾਂ ਅਨੁਸਾਰ ਭਾਸ਼ਾਵਾਂ ਵਿਭਾਗ ਵੱਲੋਂ **ਇਨੋਵਾ ਗੱਡੀ ਬੰਬਰ 7008 ਘੱਟੋ ਘੱਟ ਤਿੰਨ ਵਾਰ** ( ਮਿਤੀ 8-11-21, 11-12-21 ਅਤੇ 15-11-21) ਕਿਰਾਏ ਤੇ ਲਈ ਗਈ। ਅਸਲ ਵਿਚ **ਇਹ ਇਨੋਵਾ ਗੱਡੀ ਨਹੀਂ ਸਗੋਂ ਮੋਟਰ ਸਾਈਕਲ** ਹੈ। ਭਾਸ਼ਾਵਾਂ ਵਿਭਾਗ ਵੱਲੋਂ ਇਸ ਗੱਡੀ ਲਈ ਕ੍ਰਮ ਅਨੁਸਾਰ 2200/- ਰੁਪਏ, 5900/- ਰੁਪਏ ਅਤੇ 4500/- ਰੁਪਏ ਬਤੌਰ ਕਰਾਇਆ ਅਦਾ ਕੀਤਾ ਗਏ।

4. ਭਾਸ਼ਾਵਾਂ ਵਿਭਾਗ ਵੱਲੋਂ ਗੱਡੀ ਨੰਬਰ ਪੀ.ਬੀ. 11 ਬੀ. ਐਚ. 7008 ਅਤੇ ਪੀ.ਬੀ. 10 ਸੀ.ਐਸ. 0086 ਦਾ ਕਿਰਾਇਆ ਇਨੋਵਾ (ਜੋ ਡਰਾਈਵਰ ਸਮੇਤ 8 ਜਣਿਆਂ ਵਾਸਤੇ ਹੁੰਦੀ ਹੈ) ਦਾ ਦਿੱਤਾ ਗਿਆ ਜਦਕਿ **ਇਹ ਛੋਟੀਆਂ ਕਾਰਾਂ** (ਜੋ ਡਰਾਈਵਰ ਸਮੇਤ 5 ਜਣਿਆਂ ਲਈ ਹੁੰਦੀ ਹੈ) ਸਨ।

5. ਡਾਇਰੈਕਟਰ ਭਾਸ਼ਾਵਾਂ ਵਿਭਾਗ ਵੱਲੋਂ ਆਪਣੇ ਪੱਤਰ ਨੰਬਰ 13459 ਮਿਤੀ 31.08.2022 ਰਾਹੀਂ ਸਾਨੂੰ ਇਹ ਸੂਚਨਾ ਉਪਲਭਧ ਕਰਵਾਈ ਗਈ ਕਿ ਫਤਹਿਗੜ੍ਹ ਸਾਹਿਬ ਦੇ ਸਮਾਗਮ ਵਿਚ ਸ਼ਾਮਲ ਹੋਣ ਲਈ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ **ਤਿੰਨ ਟੈਕਸੀਆਂ ਵਿਚ ਗਏ ਸਨ।**

ਜਦੋਂ ਕਿ ਜੋਸ਼ਨ ਕੈਬਜ਼ ਦੀਆਂ ਰਸੀਦਾਂ (ਨੰਬਰ 75 ਮਿਤੀ 2-11-21 ਅਤੇ ਨੰਬਰ 73 ਮਿਤੀ 8-11-21 ) **ਅਨੁਸਾਰ ਇਕ ਟੈਕਸੀ ਮਿਤੀ 2-11-21 ਨੂੰ** ਗਈ ਸੀ। ਮਿਤੀ 8-11-21 ਨੂੰ ਕੇਵਲ **ਦੋ ਗੱਡੀਆਂ ਫਤਿਹਗੜ੍ਹ ਸਾਹਿਬ ਨੂੰ** ਗਈਆਂ ਸਨ।

(ਨੋਟ- ਰਸੀਦ ਨੰਬਰ 75 ਉਪਰ ਗੱਡੀ ਦਾ ਨੰਬਰ ਵੀ ਦਰਜ ਨਹੀਂ ਹੈ।)

6. ਡਾਇਰੈਕਟਰ ਭਾਸ਼ਾਵਾਂ ਵਿਭਾਗ ਵੱਲੋਂ ਪੱਤਰ ਨੰਬਰ 13459 ਮਿਤੀ 31-8-2022 ਰਾਹੀਂ ਉਪਲਭਦ ਕਰਵਾਈ ਗਈ ਸੂਚਨਾ ਅਨੁਸਾਰ, ਅਤੇ ਜੋਸ਼ਨ ਕੈਬਜ਼ ਵੱਲੋਂ ਜਾਰੀ ਕੀਤੀ ਰਸੀਦ ਨੰਬਰ 82 ਮਿਤੀ 14-11-21 ਅਨੁਸਾਰ, ਭਾਸ਼ਾਵਾਂ ਵਿਭਾਗ ਵੱਲੋਂ ਮਿਤੀ 14.11.2021 ਨੂੰ **ਬਰਨਾਲੇ ਜਾਣ ਲਈ ਇਕ ਟੈਕਸੀ ਪੀ.ਬੀ. 13 ਏ.ਡਬ਼ਲਯੂ 7008 ਕਿਰਾਏ ਤੇ ਕੀਤੀ ਗਈ।** ਜਦੋਂ ਕਿ ਭਾਸ਼ਾਵਾਂ ਵਿਭਾਗ ਦੇ ਪੱਤਰ ਨੰਬਰ 15010 ਮਿਤੀ - 29-09-22 ਅਨੁਸਾਰ, **14-11-21 ਨੂੰ ਬਰਨਾਲੇ ਕੋਈ ਸਮਾਗਮ ਨਹੀਂ ਹੋਇਆ।**

**ਸਿੱਟਾ**

ਇਸ ਤਰਾਂ ਉਕਤ ਤੱਥਾਂ ਤੋਂ ਸਪਸ਼ਟ ਹੈ ਕਿ ਭਾਸ਼ਾਵਾਂ ਵਿਭਾਗ ਦੇ ਅਧਿਕਾਰੀਆਂ ਵੱਲੋਂ, ਮਾਂ ਬੋਲੋ ਪੰਜਾਬੀ ਦੇ ਵਿਕਾਸ ਅਤੇ ਪਸਾਰ ਲਈ ਮਿਲੀ ***ਰਕਮ ਦੀ ਘੋਰ ਦੁਰ ਵਰਤੋਂ ਕੀਤੀ ਗਈ।***

***ਬੇਨਤੀ***

ਪੰਜਾਬ ਸਰਕਾਰ ਦੇ ਕਿਸੇ ਸੀਨੀਅਰ ਅਧਿਕਾਰੀ ਤੋਂ ਇਸ ਦੁਰ ਵਰਤੋਂ ਦੀ ਗਹਿਰਾਈ ਨਾਲ ਜਾਂਚ ਕਰਵਾ ਕੇ, ਕਸੂਰਵਾਰ ਅਧਿਕਾਰੀ ਵਿਰੁਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਉਸਾਰੂ ਹੁੰਘਾਰੇ ਦੀ ਉਡੀਕ ਵਿਚ।

**ਪ੍ਰਾਰਥੀ**

| | | | |
|---|---|---|---|
| (ਮਿੱਤਰ ਸੈਨ ਮੀਤ) | (ਦਵਿੰਦਰ ਸਿੰਘ ਸੇਖਾ) | (ਮਹਿੰਦਰ ਸਿੰਘ ਸੇਖੋਂ) | (ਕਰਮਜੀਤ ਸਿੰਘ ਔਜਲਾ) |
| ਸੰਚਾਲਕ | ਸੰਚਾਲਕ | ਸੰਚਾਲਕ | ਸੰਚਾਲਕ |

ਨੱਥੀ: ਸਬੰਧਤ ਦਸਤਾਵੇਜ਼

***ਉਤਾਰਾ***

*1. ਮੁੱਖ ਮੰਤਰੀ, ਪੰਜਾਬ ਸਰਕਾਰ, ਚੰਡੀਗੜ੍ਹ*

*2. ਮੰਤਰੀ, ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ*

*3. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ*

*ਨੂੰ ਬਣਦੀ ਕਾਰਵਾਈ ਦੀ ਬੇਨਤੀ ਨਾਲ।*